ਪੰਜਾਬ ਸਰਕਾਰ
ਮਾਲ, ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ
(ਅਸ਼ਟਾਮ ਅਤੇ ਰਜਿਸਟਰੀ ਸ਼ਾਖਾ)

ਸੇਵਾ ਵਿਖੇ

1. ਪੰਜਾਬ ਰਾਜ ਦੇ ਸਮੂਹ ਰਜਿਸਟਰਾਰ,
2. ਸਮੂਹ ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ,

ਮੀਮੋ ਨੰ: 24/41/14-ਐਸ.ਟੀ.1/19231-32
ਚੰਡੀਗੜ੍ਹ, ਮਿਤੀ: 12-12-19

ਵਿਸ਼ਾ :- ਪੰਜਾਬ ਰਾਜ ਵਿੱਚ ਪੈਂਦੀਆਂ ਰਿਹਾਇਸ਼ੀ/ਕਮਰਸ਼ੀਅਲ/ਕਲੋਨੀਆਂ ਦੇ ਪਲਾਟਾਂ/ਜਾਇਦਾਦਾਂ ਦੀ ਟਰਾਂਸਫਰ ਡੀਡ ਰਜਿਸਟਰਡ ਕਰਨ ਸਬੰਧੀ ਇਤਰਾਜ਼ਹੀਨਤਾ ਸਰਟੀਫਿਕੇਟ ਬਾਰੇ।

ਹਵਾਲਾ: ਇਸ ਵਿਭਾਗ ਦਾ ਪੱਤਰ ਨੰ: 24/41/14-ਐਸ.ਟੀ1/790-91 ਮਿਤੀ 24.01.2018 ਅਤੇ 24/41/14-ਐਸ.ਟੀ1/3780-81 ਮਿਤੀ 22.03.2018

*******

ਉਪਰੋਕਤ ਵਿਸ਼ੇ ਤੇ ਹਵਾਲਾਂ ਅਧੀਨ ਪੱਤਰਾਂ ਰਾਹੀਂ ਇਹ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਮਕਾਨ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਦੀ ਧਾਰਾ 20 ਅਤੇ ਧਾਰਾ 20(3) ਵਿੱਚ ਕੀਤੀ ਗਈ ਸੋਧ ਅਨੁਸਾਰ ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ ਇਹ ਤਸੱਲੀ ਕਰਨ ਤੋਂ ਬਾਅਦ ਹੀ ਅਣ-ਅਧਿਕਾਰਿਤ ਕਲੌਨੀ ਦੇ ਪਲਾਟ/ਸਾਈਟਸ ਦੀ ਸੇਲ/ਟਰਾਂਸਫਰ ਡੀਡ ਰਜਿਸਟਰ ਕਰਨਗੇ ਕਿ ਕੀ ਕਲੌਨੀ ਨੂੰ ਮਕਾਨ ਉਸਾਰੀ ਵਿਭਾਗ ਦੀ ਸਮਰੱਥ ਅਥਾਰਟੀ ਵੱਲੋਂ ਇਤਰਾਜ ਹੀਣਤਾ ਸਰਟੀਫਿਕੇਟ ਦੇ ਅਧਾਰ ਤੇ ਲਾਈਸੰਸ ਜਾਰੀ ਕੀਤਾ ਗਿਆ ਹੈ? ਇਸ ਤੋਂ ਇਲਾਵਾ ਇਹ ਵੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਕਿ ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ ਵੱਲੋਂ ਰਜਿਸਟਰੇਸ਼ਨ ਤੋਂ ਇਨਕਾਰ ਨਾ ਕੀਤਾ ਜਾਵੇ ਅਤੇ ਜਦੋਂ ਤੱਕ ਇਤਰਾਜਹੀਣਤਾ ਸਰਟੀਫਿਕੇਟ ਪੇਸ਼ ਨਹੀਂ ਕੀਤਾ ਜਾਂਦਾ ਉਦੋਂ ਤੱਕ ਵਸੀਕੇ ਨੂੰ ਰਜਿਸਟਰੇਸ਼ਨ ਲਈ ਲੰਬਿਤ ਰੱਖ ਲਿਆ ਜਾਵੇ ਆਦਿ।

2. ਉਪਰੋਕਤ ਸਬੰਧੀ ਮਾਮਲੇ ਨੂੰ ਇਸ ਵਿਭਾਗ ਵਿੱਚ ਗਹੁ ਨਾਲ ਵਿਚਾਰਦੇ ਹੋਏ ਇਹ ਮਾਮਲਾ ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ ਨੂੰ ਇਹ ਰਾਏ ਦੇਣ ਲਈ ਰੈਫਰ ਕੀਤਾ ਗਿਆ ਸੀ ਕਿ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਵਿੱਚ ਉਕਤ ਸੋਧ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਨੰ:22-Leg/2014 dated 27.08.2014 ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ ਜੋ ਕਿ ਰਜਿਸਟਰੇਸ਼ਨ ਐਕਟ 1908 (ਸੈਂਟਰਲ ਐਕਟ) ਦੀਆਂ ਧਾਰਾਵਾਂ ਤਹਿਤ ਕੰਮ ਕਰਦੇ ਹਨ ਤੇ Binding ਹੈ ਜਾਂ ਨਹੀਂ?

3. ਕਾਨੂੰਨੀ ਅਤੇ ਵਿਧਾਨਕ ਮਾਮਲੇ ਵਿਭਾਗ ਵੱਲੋਂ ਆਪਣੇ ਅੰ.ਵਿ.ਪੱ. ਨੰ: 504/OP-128/2019 ਮਿਤੀ 17.10.2019 ਰਾਹੀਂ ਦਿੱਤੀ ਗਈ ਆਪਣੀ ਰਾਏ ਵਿੱਚ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਵੱਲੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995, ਜੋ ਕਿ ਸਟੇਟ

ਐਕਟ ਹੈ ਵਿੱਚ ਨੋਟੀਫਿਕੇਸ਼ਨ ਨੰ :22-Leg/2014 dated 27.08.2014 ਰਾਹੀਂ ਕੀਤੀ ਗਈ ਸੋਧ ਸਬ ਰਜਿਸਟਰਾਰ ਅਤੇ ਸੰਯੁਕਤ ਸਬ ਰਜਿਸਟਰਾਰ ਜੋ ਰਜਿਸਟਰੇਸ਼ਨ ਐਕਟ 1908 (ਸੈਂਟਰਲ ਐਕਟ) ਦੀਆਂ ਧਾਰਾਵਾਂ ਤਹਿਤ ਕੰਮ ਕਰਦੇ ਹਨ ਤੇ binding ਨਹੀਂ ਹੈ। ਨਤੀਜੇ ਵਜੋਂ ਪੰਜਾਬ ਅਪਾਰਟਮੈਂਟ ਅਤੇ ਪ੍ਰਾਪਰਟੀ ਰੈਗੂਲੇਸ਼ਨ ਐਕਟ 1995 ਵਿੱਚ ਸੋਧ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਸਬ ਰਜਿਸਟਰਾਰ/ਸੰਯੁਕਤ ਸਬ ਰਜਿਸਟਰਾਰ ਜੋ ਕਿ ਰਜਿਸਟਰੇਸ਼ਨ ਐਕਟ 1908 (ਸੈਂਟਰਲ ਐਕਟ) ਦੀਆਂ ਧਾਰਾਵਾਂ ਤਹਿਤ ਕੰਮ ਕਰਦੇ ਹਨ, ਤੇ ਲਾਗੂ ਨਹੀਂ ਹੋਵੇਗੀ।

ਉਪਰੋਕਤ ਦਰਸਾਈ ਸਥਿਤੀ ਅਨੁਸਾਰ ਇਸ ਵਿਭਾਗ ਵੱਲੋਂ ਹਵਾਲਾ ਅਧੀਨ ਪੱਤਰ ਨੰ: 24/41/14-ਐਸ.ਟੀ1/790-91 ਮਿਤੀ 24.01.2018 ਅਤੇ 24/41/14-ਐਸ.ਟੀ1/3780-81 ਮਿਤੀ 22.03.2018 ਰਾਹੀਂ ਜਾਰੀ ਕੀਤੀਆਂ ਗਈਆਂ ਹਦਾਇਤਾਂ ਤੁਰੰਤ ਵਾਪਿਸ ਲਈਆਂ ਜਾਂਦੀਆਂ ਹਨ।

ਵਿਸ਼ੇਸ਼ ਸਕੱਤਰ ਮਾਲ

ਇਸ ਦਾ ਇਕ ਉਤਾਰਾ ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ

ਸੇਵਾ ਵਿਖੇ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਵਿਭਾਗ।

ਅੰ.ਵਿ.ਪੱ. ਨੰ: 24/41/14-ਐਸ.ਟੀ.1/ 19233 ਚੰਡੀਗੜ੍ਹ, ਮਿਤੀ: 12-12-19

ਇਸ ਦਾ ਇੱਕ ਉਤਾਰਾ ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ, ਸਥਾਨਕ ਸਰਕਾਰ ਵਿਭਾਗ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ

ਸੇਵਾ ਵਿਖੇ

ਵਧੀਕ ਮੁੱਖ ਸਕੱਤਰ, ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ।

ਅੰ.ਵਿ.ਪੱ. ਨੰ: 24/41/14-ਐਸ.ਟੀ.1/ 19234 ਚੰਡੀਗੜ੍ਹ, ਮਿਤੀ: 12-12-19
ਪਿੱਠ ਅੰਕਣ ਨੰ:24/41/14-ਐਸ.ਟੀ.1/ 19235 ਚੰਡੀਗੜ੍ਹ, ਮਿਤੀ: 12-12-19

ਇਸ ਦਾ ਇੱਕ ਉਤਾਰਾ ਇੰਸਪੈਕਟਰ ਜਨਰਲ ਆਫ ਰਜਿਸਟਰੇਸ਼ਨ, ਪੰਜਾਬ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ

ਪਿੱਠ ਅੰਕਣ ਨੰ:24/41/14-ਐਸ.ਟੀ.1/19236 ਚੰਡੀਗੜ੍ਹ, ਮਿਤੀ: 12-12-19

ਇਸ ਦਾ ਇੱਕ ਉਤਾਰਾ ਸਮੂਹ ਕਮਿਸ਼ਨਰਾਂ/ਡਿਪਟੀ ਕਮਿਸ਼ਨਰਾਂ, ਪੰਜਾਬ ਨੂੰ ਸੂਚਨਾਂ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਵਿਸ਼ੇਸ਼ ਸਕੱਤਰ ਮਾਲ